## ਆਪਣੀ ਦੇਖਭਾਲ ਕਰਨਾ

ਜਦ ਤੁਹਾਡੀ ਜਾਣ-ਪਛਾਣ ਵਾਲਾ ਕੋਈ ਵਿਅਕਤੀ ਬਹੁਤ ਬਿਮਾਰ ਹੋਵੇ ਤਾਂ ਤੁਹਾਨੂੰ ਕਈ ਤਰ੍ਹਾਂ ਦੇ ਅਹਿਸਾਸ ਹੋਣਗੇ ਜਿਨ੍ਹਾਂ ਵਿਚੋਂ ਕੁੱਝ ਇਹ ਹਨ - ਸਦਮਾ, ਚਿੰਤਾ, ਉਦਾਸੀ, ਗ਼ੁੱਸਾ, ਬੇਚੈਨੀ, ਕਿਤੇ ਵੀ ਧਿਆਨ ਟਿਕਾਉਣ ਦੇ ਕਾਬਲ ਨਾ ਹੋਣਾ। ਇਨ੍ਹਾਂ ਸਭਨਾਂ ਬਾਰੇ ਉਮੀਦ ਕੀਤੀ ਜਾ ਸਕਦੀ ਹੈ ਅਤੇ ਇਹ ‘ਸੁਭਾਵਿਕ’ ਹਨ।

ਇਸ ਔਖੇ ਵੇਲੇ ਤੁਹਾਡੇ ਦੁਆਰਾ ਕੀਤੇ ਜਾਣ ਵਾਲੀਆਂ ਸਭ ਤੋਂ ਮਹੱਤਵਪੂਰਨ ਚੀਜ਼ਾਂ ‘ਚੋਂ ਇੱਕ ਹੈ ਆਪਣੀ ਦੇਖਭਾਲ ਕਰਨੀ। ਤੁਹਾਡੀ ਸਿਹਤ ਅਤੇ ਤੰਦਰੁਸਤੀ ਤੁਹਾਡੇ ਪਿਆਰਿਆਂ ਲਈ ਅਤੇ ਸਾਡੇ ਲਈ ਬਹੁਤ ਜ਼ਰੂਰੀ ਹਨ।

ਆਪਣੀ ਦੇਖਭਾਲ ਕਰਨ ਲਈ ਸੁਝਾਅ:

- ਨਿਯਮਿਤ ਰੂਪ ’ਚ ਖਾਓ। ਜੇਕਰ ਤੁਸੀਂ ਪੇਟ ਭਰਕੇ ਖਾਣਾ ਨਹੀਂ ਖਾ ਸਕਦੇ ਤਾਂ ਥੋੜੀ ਮਾਤਰਾ ‘ਚ ਸਿਹਤਮੰਦ ਸਨੈਕਸ ਖਾਣਾ ਵੀ ਚੰਗਾ ਹੁੰਦਾ ਹੈ।
- ਸੌਂਣ ਲਈ ਸਮਾਂ ਕੱਢੋ। ਆਰਾਮ ਤੋਂ ਬਗੈਰ ਤੁਹਾਡੀ ਸਿਹਤ ਦਾ ਨੁਕਸਾਨ ਹੋਵੇਗਾ। ਜੇਕਰ ਤੁਹਾਨੂੰ ਨੀਂਦ ਨਹੀਂ ਆਉਂਦੀ ਤਾਂ ਆਪਣੇ ਫ਼ੈਮਿਲੀ ਡਾਕਟਰ ਨਾਲ ਸੰਪਰਕ ਕਰੋ।
- ਸੈਰ ਲਈ ਜਾਓ ਜਾਂ ਸਟ੍ਰੈੱਚ ਕਰੋ। ਤਾਜ਼ੀ ਹਵਾ ਤੁਹਾਨੂੰ ਸਪਸ਼ਟ ਰੂਪ ’ਚ ਸੋਚਣ ਵਿੱਚ ਮਦਦ ਕਰਦੀ ਹੈ।
- ਆਪਣੇ ਆਪ ਨੂੰ ਦੂਜਿਆਂ ਤੋਂ ਮਦਦ ਲੈਣ ਦੀ ਖੁੱਲ੍ਹ ਦਿਉ:
  - ਤੁਸੀਂ ਕੁੱਝ ਘੰਟੇ ਛੁੱਟੀ ਲੈ ਲਓ ਅਤੇ ਪਰਿਵਾਰ ਜਾਂ ਦੋਸਤਾਂ ਨੂੰ ਥੋੜ੍ਹਾ ਚਿਰ ਠਹਿਰਨ ਲਈ ਕਹੋ, ਜਾਂ ਕਿਸੇ ਨੂੰ ਮਿਲਣ ਦਾ ਕਾਰਜਕ੍ਰਮ ਇਸ ਤਰ੍ਹਾਂ ਬਣਾਓ ਕਿ ਹਰ ਕੋਈ ਸਮਾਂ ਬਿਤਾ ਸਕੇ ਅਤੇ ਕੋਈ ਨਾ ਕੋਈ ਹਮੇਸ਼ਾ ਮਿਲਣ ਲਈ ਮੌਜੂਦ ਰਹੇ।
  - ਰਸੋਈ ਅਤੇ ਖਾਣਾ ਬਨਾਉਣ ਵਿਚ ਮਦਦ ਕਰਨ ਲਈ ਕਿਸੇ ਨੂੰ ਆਖੋ।
  - ਕਿਸੇ ਅਜਿਹੇ ਵਿਅਕਤੀ ਦੀ ਚੋਣ ਕਰੋ ਜੋ ਕਿ ਤੁਹਾਡੇ ਹਾਲ ਬਾਰੇ ਤਾਜ਼ਾ ਜਾਣਕਾਰੀ ਵਧੀਕ ਪਰਿਵਾਰ ਦੇ ਜੀਆਂ ਅਤੇ ਦੋਸਤਾਂ ਨੂੰ ਦੇ ਸਕੇ।ਇੰਝ ਕਰਨ ਨਾਲ ਤੁਹਾਨੂੰ ਘੱਟ ਕਾਲਾਂ ਕਰਨੀਆਂ ਪੈਣਗੀਆਂ।

## ਤੁਸੀਂ ਕੀ ਕੁਝ ਲਿਆ ਸਕਦੇ ਹੋ

- ਪਲੰਗ ਦੇ ਲਾਗੇ ਰੱਖਣ ਲਈ ਫ਼ੋਟੋਆਂ, ਕਾਰਡ, ਨੋਟ੍ਸ
- ਤੁਹਾਡੇ ਲਈ, ਤੁਹਾਡੇ ਪਰਿਵਾਰ, ਅਤੇ ਦੋਸਤਾਂ ਦੁਆਰਾ ਲਿੱਖੇ ਜਾਣ ਲਈ ਨੋਟ-ਬੁੱਕ ਜਾਂ ਜਰਨਲ
- ਰੇਡਿਓ, ਮਿਯੂਜ਼ਿਕ ਪਲੇਅਰ, ਹੈਡਫੋਨ, ਰਿਕਾਰਡ ਕੀਤੀਆਂ ਹੋਈਆਂ ਪ੍ਰਾਰਥਨਾਵਾਂ, ਪਰਿਵਾਰ ਦੀਆਂ ਰਿਕਾਰਡਿੰਗਾਂ ਆਦਿ
- ਵਾਲਾਂ ਦਾ ਬੁਰਸ਼, ਕੰਘੀ, ਸ਼ੇਵ ਕਰਨ ਦਾ ਸਮਾਨ
- ਸੁਣਨ ਦੇ ਸਹਾਇਕ ਯੰਤਰ (ਵਾਧੂ ਬੈਟਰੀਆਂ ਸਮੇਤ), ਐਨਕਾਂ, ਬਣਾਵਟੀ ਦੰਦ
- ਰੇਸ਼ਮੀ ਫ਼ੁਲ ਜਾਂ ਮਏਲਰ ਦੇ ਗ਼ੁਬਾਰੇ। ਕੋਈ ਤਾਜ਼ੇ ਫ਼ੁਲ ਜਾਂ ਬੂਟੇ ਨਹੀਂ। ਕੋਈ ਲੈਟੈਕਸ ਦੇ ਗ਼ੁਬਾਰੇ ਨਹੀਂ। ਕਈ ਲੋਕਾਂ ਨੂੰ ਇਨ੍ਹਾਂ ਤੋਂ ਅਲਰਜੀ ਹੁੰਦੀ ਹੈ।
- ਪਾਲਤੂ ਜਾਨਵਰ। ਜੇਕਰ ਤੁਹਾਡੇ ਪਰਿਵਾਰਕ ਦੇ ਮੈਂਬਰ ਦਾ ਕੋਈ ਬਹੁਤ ਪਿਆਰਾ ਪਾਲਤੂ ਜਾਨਵਰ ਹੈ ਜਿਸ ਨੂੰ ਉਹ ਦੇਖਣਾ ਚਾਹੁੰਦੇ ਹੋਣ ਤਾਂ ਕਿਰਪਾ ਕਰਕੇ ਮਰੀਜ਼ ਦੀ ਨਰਸ ਨਾਲ ਗੱਲ ਕਰ ਕੇ ਇੱਕ ਮੁਲਾਕਾਤ ਦਾ ਇੰਤਜ਼ਾਮ ਕਰੋ। ਮਿਲਣ ਆਉਣ ਵਾਲੇ ਪਾਲਤੂ ਜਾਨਵਰ ਦੇ ਹਾਲ ਦੀ ਘੜੀ ਤੱਕ ਲੱਗੇ ਹੋਣ ਵਾਲੇ ਸਬ ਟੀਕੇ ਪੂਰੇ ਲੱਗੇ ਹੋਣੇ ਚਾਹੀਦੇ ਹਨ, ਸਾਫ਼-ਸੁਥਰਾ ਹੋਣਾ ਚਾਹੀਦਾ ਹੈ ਅਤੇ ਹਰ ਵੇਲੇ ਕਾਬੂ ਵਿਚ ਰੱਖਿਆ ਹੋਣਾ ਚਾਹੀਦਾ ਹੈ।

ਸਰ੍ਹੀ ਮੈਮੋਰੀਅਲ ਹਸਪਤਾਲ
13750 96 ਅਵੈਨਿਊ
ਸਰ੍ਹੀ, ਬੀ. ਸੀ. V3V 1Z2

www.fraserhealth.ca

ਇਹ ਜਾਣਕਾਰੀ ਤੁਹਾਡੇ ਹੈਲਥ ਕੇਅਰ ਪ੍ਰੋਵਾਈਡਰ ਵੱਲੋਂ ਦਿੱਤੀ ਸਲਾਹ ਦਾ ਬਦਲ ਨਹੀਂ ਹੈ।

Print Shop #253213 (June 2014) Punjabi

Punjabi

# ਕਰਿਟਿਕਲ ਕੇਅਰ ਦਾ ਤਜਰਬਾ

# The Critical Care Experience

ਸਰ੍ਹੀ ਮੈਮੋਰੀਅਲ ਹਸਪਤਾਲ
Surrey Memorial Hospital

## ਹਾਈ ਐਕਯੂਟੀ ਯੂਨਿਟ
**High Acuity Unit**

## ਇਨਟੈਨਸਿਵ ਕੇਅਰ ਯੂਨਿਟ
**Intensive Care Unit**

## ਪਰਿਵਾਰ ਅਤੇ ਮਿਲਣ ਵਾਲਿਆਂ ਲਈ ਜਾਣਕਾਰੀ

**Information for Family and Visitors**

ਹਾਈ ਐਕਯੂਟੀ ਯੂਨਿਟ: 604-588-3315
ਛੇਵੀਂ ਮੰਜ਼ਲ ਤੇ ਸਥਿਤ

ਇਨਟੈਂਸਿਵ ਕੇਅਰ ਯੂਨਿਟ: 604-588-3306
ਪੰਜਵੀਂ ਮੰਜ਼ਲ ਤੇ ਸਥਿਤ

fraserhealth Better health. Best in health care.

## ਮੁਲਾਕਾਤ ਲਈ ਸੇਧਾਂ

ਤੁਸੀਂ ਹਫ਼ਤੇ ਦੇ ਸਤੋ ਦਿਨ 24 ਘੰਟੇ ਕਿਸੇ ਵੀ ਵਕਤ ਮੁਲਾਕਾਤ ਕਰ ਸਕਦੇ ਹੋ। ਪਰ, ਕਈ ਵਾਰ ਅਸੀਂ ਤੁਹਾਨੂੰ ਉਡੀਕ ਕਰਨ ਲਈ ਕਹਿ ਸਕਦੇ ਹਾਂ, ਜਿਵੇਂ ਸੁਰੱਖਿਆ ਕਾਰਨਾਂ ਕਰਕੇ ਜਾਂ ਮਰੀਜ਼ ਦੇ ਇਕਾਂਤ ਦੀ ਖ਼ਾਤਰ।

ਸਾਡੇ ਕਈ ਮਰੀਜ਼ ਅਤੇ ਉਹਨਾਂ ਦੇ ਪਰਿਵਾਰ ਚਾਹੁੰਦੇ ਹਨ ਕਿ ਕੇਵਲ ਨਜ਼ਦੀਕੀ ਪਰਿਵਾਰ ਦੇ ਮੈਂਬਰ ਹੀ ਮੁਲਾਕਾਤ ਲਈ ਆਉਣ ਜਦੋਂ ਕਿ ਹੋਰ ਚਾਹੁੰਦੇ ਹਨ ਕਿ ਵਧੀਕ ਪਰਿਵਾਰ ਅਤੇ/ ਜਾਂ ਦੋਸਤਾਂ ਨਾਲ ਵੀ ਮੁਲਾਕਾਤ ਕਰਨ। ਹਰ ਮਨੁੱਖ ਵੱਖਰੀ ਕਿਸਮ ਦਾ ਹੁੰਦਾ ਹੈ। ਸਾਡਾ ਉਦੇਸ਼ ਹੈ ਕਿ ਮੁਲਾਕਾਤਾਂ ਦਾ ਸਿਲਸਿਲਾ ਮਰੀਜ਼ ਦੇ ਲਈ ਸਭ ਤੋਂ ਸੁਖਾਵਾਂ ਹੋਵੇ।

ਜੇ ਮੁਲਾਕਾਤਾਂ ਦੇ ਸੰਬੰਧ ’ਚ ਤੁਹਾਡੇ ਕੋਈ ਵੀ ਸਵਾਲ ਜਾਂ ਫ਼ਿਕਰ ਹਨ ਤਾਂ ਕਿਰਪਾ ਕਰਕੇ ਪਰਿਵਾਰ ਦੇ ਮੈਂਬਰ ਦੀ ਨਰਸ ਨਾਲ ਗੱਲ ਕਰੋ। ਇਸ ਬਾਰੇ ਸਾਡਾ ਸੋਸ਼ਲ ਵਰਕਰ ਵੀ ਤੁਹਾਡੀ ਮਦਦ ਕਰ ਸਕਦਾ ਹੈ।

## ਗਾਉਨ ਅਤੇ ਦਸਤਾਨ

ਆਮਤੌਰ 'ਤੇ ਨਾਜ਼ੁਕ ਦੇਖਭਾਲ ਵਾਲੀਆਂ ਥਾਵਾਂ ਤੇ ਦੇਖਭਾਲ ਕਰਨ ਵੇਲੇ ਖ਼ਾਸ ਕਿਸਮ ਦੇ ਗਾਉਨ ਅਤੇ ਦਸਤਾਨੇ ਪਾਏ ਜਾਂਦੇ ਹਨ। ਇੰਝ ਕਰਨ ਦੇ ਕਈ ਵੱਖ-ਵੱਖ ਕਾਰਨ ਹਨ ਅਤੇ ਉਹਨਾਂ ਬਾਰੇ ਤੁਹਾਨੂੰ ਵਿਸਥਾਰਪੂਰਵਕ ਦੱਸਣ ’ਚ ਸਾਨੂੰ ਖ਼ੁਸ਼ੀ ਮਹਿਸੂਸ ਹੋਵੇਗੀ।

ਅਸੀਂ ਚਾਹਾਂਗੇ ਕਿ ਕੀਟਾਣੂਆਂ ਨੂੰ ਫ਼ੈਲਣ ਤੋਂ ਰੋਕਣ ਲਈ ਤਸੀਂ ਯੂਨਿਟ ’ਚ ਦਾਖ਼ਲ ਹੋਣ ਤੋਂ ਪਹਿਲਾਂ ਅਤੇ ਫਿਰ ਯੂਨਿਟ ’ਚੋਂ ਬਾਹਰ ਜਾਣ ਵੇਲੇ ਹੱਥ ਧੋ ਲਓ। ਹੱਥਾਂ ਨੂੰ ਸਾਫ਼ ਕਰਨ ਲਈ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ ਜਾਂ ਅਲਕੋਹਲ ਨਾਲ ਬਣੇ ਹੈਂਡ-ਰਬ ਦੀ ਵਰਤੋਂ ਕਰੋ।

## ਤਾਜ਼ਾ ਜਾਣਕਾਰੀ ਲਈ ਕਾਲ ਕਰੋ

ਸਾਡੇ ਹਰ ਮਰੀਜ਼ ਦਾ ‘ਪਰਿਵਾਰ ਦਾ ਸੰਪਰਕ-ਸੂਤਰ’ ਜਾਂ ਬੁਲਾਰੇ ਦੇ ਤੌਰ ਤੇ ਇੱਕ ਵਿਅਕਤੀ ਜ਼ਰੂਰ ਮੌਜੂਦ ਹੋਵੇ। ਅਸੀਂ ਵਿਸਥਾਰਪੂਰਵਕ ਤਾਜ਼ਾ ਜਾਣਕਾਰੀ ਪਰਿਵਾਰ ਦੇ ਸੰਪਰਕ-ਸੂਤਰ ਨੂੰ ਦਿੰਦੇ ਹਾਂ। ਜੇਕਰ ਕੋਈ ਹਾਲ ਚਾਲ ਬਾਰੇ ਤਾਜ਼ਾ ਜਾਣਕਾਰੀ ਦੇ ਲਈ ਸਾਨੂੰ ਫ਼ੋਨ ਕਰੇਗਾ ਤਾਂ ਮਰੀਜ਼ ਦੀ ਗੁਪਤਤਾ ਕਾਇਮ ਰੱਖਣ ਲਈ ਉਸ ਨੂੰ ਸਿਰਫ਼ ਇਹ ਹੀ ਦੱਸਿਆ ਜਾਵੇਗਾ ਕਿ ਮਰੀਜ਼ ਦੀ ਹਾਲਤ 'ਪਹਿਲਾਂ ਵਰਗੀ', 'ਸਥਿਰ' ਜਾਂ 'ਅਸਥਿਰ' ਹੈ।

ਜੋ ਵਿਅਕਤੀ ਫ਼ੋਨ ਕਰਨਾ ਚਾਹੁੰਦੇ ਹੋਣ ਉਹਨਾਂ ਲਈ ਸ਼ਿਫ਼ਟ ਬਦਲਦਣ ਤੋਂ ਇੱਕ ਘੰਟਾ ਜਾਂ ਇਸ ਤੋਂ ਵੱਧ ਸਮੇਂ ਬਾਅਦ ਫ਼ੋਨ ਕਰਨਾ ਸਭ ਤੋਂ ਸਹੀ ਰਹੇਗਾ। ਨਰਸਾਂ ਸਵੇਰੇ 7 ਵਜੇ ਅਤੇ ਸ਼ਾਮ 7 ਵਜੇ ਸ਼ਿਫ਼ਟ ਬਦਲਦੀਆਂ ਹਨ। ਇਸ ਤਰ੍ਹਾਂ ਨਰਸ ਨੂੰ ਪਹਿਲਾਂ ਦੇਖਭਾਲ ਕਰ ਰਹੀ ਨਰਸ ਤੋਂ ਤਾਜ਼ਾ ਜਾਣਕਾਰੀ ਪ੍ਰਾਪਤ ਕਰਨ ਅਤੇ ਤੁਹਾਡੇ ਪਰਿਵਾਰ ਦੇ ਮੈਂਬਰ ਦੀ ਸਿਹਤ ਦਾ ਜਾਇਜ਼ਾ ਲੈਣ ਦਾ ਸਮਾਂ ਮਿਲ ਜਾਂਦਾ ਹੈ।

## ਸਾਡਾ ਉਡੀਕ ਕਰਨ ਵਾਲਾ ਕਮਰਾ

ਹਾਈ ਐਕਯੂਟੀ ਯੂਨਿਟ ਅਤੇ ਇਨਟੈਨਸਿਵ ਕੇਅਰ ਯੂਨਿਟ ਲਈ ਉਡੀਕ ਕਰਨ ਵਾਸਤੇ ਸਾਡੇ ਕੋਲ ਵੱਡੀ ਖੁੱਲ੍ਹੀ ਥਾਂ ਹੈ।

ਹੋਰ ਦੂਜੇ ਪਰਿਵਾਰ ਵੀ ਇਹਨਾਂ ਉਡੀਕ ਵਾਲੀਆਂ ਥਾਵਾਂ ਦੀ ਵਰਤੋਂ ਕਰਦੇ ਹਨ। ਅਸੀਂ ਬੇਨਤੀ ਕਰਦੇ ਹਾਂ ਕਿ ਇਸ ਥਾਂ ਦੀ ਵਰਤੋਂ ਕਰਨ ਵਾਲੇ ਹੋਰਨਾਂ ਲੋਕਾਂ ਨਾਲ ਤੁਸੀਂ ਆਦਰ ਅਤੇ ਨਿਮਰਤਾ ਨਾਲ ਪੇਸ਼ ਆਓ। ਇਸ ਥਾਂ ਨੂੰ ਸਾਫ਼-ਸੁਥਰਾ ਰੱਖੋ। ਆਪਣੇ ਪਰਿਵਾਰ ਦੇ ਮੈਂਬਰ ਦੀ ਅਤੇ ਹੋਰਨਾਂ ਦੀ ਪ੍ਰਾਈਵੇਸੀ ਅਤੇ ਗੁਪਤਤਾ ਦਾ ਖ਼ਿਆਲ ਰੱਖੋ।

ਜੇ ਉਡੀਕ ਵਾਲੀਆਂ ਥਾਵਾਂ ਦੇ ਸੰਬੰਧ ’ਚ ਤੁਹਾਡੇ ਕੋਈ ਵੀ ਸਵਾਲ ਜਾਂ ਫ਼ਿਕਰ ਹਨ ਤਾਂ ਕਿਰਪਾ ਕਰਕੇ ਸਾਡੇ ਕਿਸੇ ਵੀ ਵਲੰਟੀਅਰ, ਸੋਸ਼ਲ ਵਰਕਰ ਜਾਂ ਯੂਨਿਟ ਦੀ ਇੰਚਾਰਜ ਨਰਸ ਨਾਲ ਗੱਲ ਕਰੋ।

## ਸੰਪਰਕ

ਇਹ ਜ਼ਰੂਰੀ ਹੈ ਕਿ ਅਸੀਂ ਇੱਕ ਦੂਜੇ ਨਾਲ ਅਕਸਰ ਸੰਪਰਕ ਕਰੀਏ। ਕੋਈ ਵੀ ਜ਼ਰੂਰੀ ਜਾਣਕਾਰੀ, ਜੋ ਤੁਹਾਡੇ ਮੁਤਾਬਕ, ਤੁਹਾਡੇ ਪਰਿਵਾਰ ਦੇ ਮੈਂਬਰ ਦੀ ਦੇਖਭਾਲ ਲਈ ਮਦਦਗਾਰ ਹੋ ਸਕਦੀ ਹੈ, ਕਿਰਪਾ ਕਰਕੇ ਸਾਡੇ ਨਾਲ ਸਾਂਝੀ ਕਰੋ। ਜਦੋਂ ਵੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਸਾਨੂੰ ਉਸ ਬਾਰੇ ਸਵਾਲ ਪੁੱਛੋ।

ਕਈ ਵਾਰ, ਜਦੋਂ ਤੁਸੀਂ ਉਹਨਾਂ ਬਾਰੇ ਸੋਚ ਰਹੇ ਹੋਵੋ ਤਾਂ ਸਵਾਲਾਂ ਨੂੰ ਲਿੱਖ ਲੈਣਾ ਸਹਾਈ ਹੁੰਦਾ ਹੈ। ਇਸ ਤਰ੍ਹਾਂ ਸਾਡੇ ਨਾਲ ਗੱਲ-ਬਾਤ ਕਰਨ ਵੇਲੇ ਤੁਸੀਂ ਉਹਨਾਂ ਨੂੰ ਭੱਲੋਗੇ ਨਹੀਂ।

ਆਮ ਤੌਰ 'ਤੇ ਤੁਹਾਨੂੰ ਵਧੇਰੇ ਜਾਣਕਾਰੀ ਉਹ ਨਰਸ ਦਿੰਦੀ ਹੈ ਜਿਹੜੀ ਤੁਹਾਡੇ ਪਰਿਵਾਰ ਦੇ ਮੈਂਬਰ ਲਈ ਨਿਯੁਕਤ ਕੀਤੀ ਗਈ ਹੈ। ਮਰੀਜ਼ ਦੇ ਹਾਲ ਬਾਰੇ ਅਤੇ ਕਿਸੇ ਟੈੱਸਟਾਂ ਜਾਂ ਪ੍ਰੋਸੀਜਰਾਂ ਦੇ ਨਤੀਜਿਆਂ ਦੀ ਪੜਚੋਲ ਲਈ ਤੁਹਾਡੀ ਮੁਲਾਕਾਤ ਕਰਿਟਿਕਲ ਕੇਅਰ ਦੇ ਡਾਕਟਰ/ ਡਾਕਟਰਾਂ ਨਾਲ ਵੀ ਹੋਵੇਗੀ।

ਸਾਡੇ ਵਿੱਚੋਂ ਜਾਂ ਪਰਿਵਾਰ ਦੇ ਮੈਂਬਰਾਂ ਵਿੱਚੋਂ ਕੋਈ ਇੱਕ ਵਿਅਕਤੀ 'ਪਰਿਵਾਰਕ ਕਾਨਫ਼ਰੰਸ' ਸੱਦ ਸਕਦਾ ਹੈ। ਅਜਿਹੇ ਸਮੇਂ ਦੇਖਭਾਲ ਕਰਨ ਵਾਲੀ ਸਮੁੱਚੀ ਟੀਮ ਨਾਲ ਦੇਖਭਾਲ ਦੀ ਵਿਉਂਤ ਦੀ ਸਮੀਖਿਆ ਕੀਤੀ ਜਾ ਸਕਦੀ ਹੈ। ਸਾਡਾ ਸੋਸ਼ਲ ਵਰਕਰ, ਇੰਚਾਰਜ ਨਰਸ ਜਾਂ ਤੁਹਾਡੇ ਪਰਿਵਾਰ ਦੇ ਮੈਂਬਰ ਦੀ ਨਰਸ 'ਪਰਿਵਾਰਕ ਕਾਨਫ਼ਰੰਸ' ਦਾ ਇੰਤਜ਼ਾਮ ਕਰਨ ਲਈ ਮਦਦ ਕਰ ਸਕਦੇ ਹਨ।

## ਦੇਖਭਾਲ ਬਾਰੇ ਫ਼ੈਸਲਾ ਕਰਨਾ

ਜਦੋਂ ਮਰੀਜ਼ ਆਪਣੀ ਦੇਖਭਾਲ ਬਾਰੇ ਫ਼ੈਸਲਾ ਕਰਨ ਵਿੱਚ ਹਿੱਸਾ ਨਹੀਂ ਲੈ ਸਕਦਾ,ਤਾਂ ਅਸੀਂ ‘ਟੈਂਪਰੇਰੀ ਸਬਸੀਚਿਊਟ ਡੀਸੀਜ਼ਨ ਮੇਕਰ’ ਨੂੰ ਪੁੱਛਦੇ ਹਾਂ। ਇੱਕ ‘ਟੈਂਪਰੇਰੀ ਸਬਸੀਚਿਊਟ ਡੀਸੀਜ਼ਨ ਮੇਕਰ’ਕਿਵੇਂ ਨਿਯੁਕਤ ਕੀਤਾ ਜਾਵੇ, ਇਸ ਸੰਬੰਧ ’ਚ ਸਾਡਾ ਸੋਸ਼ਲ ਵਰਕਰ ਤੁਹਾਡੀ ਮਦਦ ਕਰ ਸਕਦਾ ਹੈ। ਤੁਹਾਨੂੰ ਭਵਿੱਖੀ ਦੇਖਭਾਲ ਅਤੇ ਸਹਾਰਿਆਂ ਬਾਰੇ ਵਿਉਂਤ ਤਿਆਰ ਕਰਨ ’ਚ ਸੋਸ਼ਲ ਵਰਕਰ ਵੀ ਮਦਦ ਕਰ ਸਕਦੇ ਹਨ।

## ਆਪਣੀ ਰਾਏ (ਫ਼ੀਡ ਬੈਕ) ਸਾਨੂੰ ਦਿਓ

ਤੁਹਾਡੀ ਰਾਏ ਸਾਡੇ ਲਈ ਬਹੁਤ ਮਹੱਤਵਪੂਰਨ ਹੈ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਅਸੀਂ ਕਿਹੜੇ ਕੰਮ ਚੰਗੀ ਤਰ੍ਹਾਂ ਕਰ ਰਹੇ ਹਾਂ ਅਤੇ ਕਿਹੜੇ ਕੰਮਾਂ ’ਚ ਹੋਰ ਸੁਧਾਰ ਲਿਆ ਸਕਦੇ ਹਾਂ। ਕਿਰਪਾ ਕਰਕੇ ਪਰਿਵਾਰ ਦੀ ਸੰਤੁਸ਼ਤਾ ਸਰਵੇਖਣ (ਫ਼ੈਮਿਲੀ ਸੈਟੀਸਫੈੱਕਸ਼ਨ ਸਰਵੇ) ਦਾ ਫ਼ਾਰਮ ਭਰੋ। ਇਸ ਨੂੰ ਉਡੀਕ ਕਰਨ ਵਾਲੇ ਕਮਰੇ ਵਿੱਚ ਪਏ ਜੰਦਰੇ ਵਾਲੇ ਬਕਸੇ ‘ਚ ਪਾ ਦਿਓ।



ਪਰਤੋ…